## 2.1 ਸਾਮੀ ਤੇ ਆਰੀਆਈ ਸੰਸਕ੍ਰਿਤੀ

ਸਾਮੀ ਪਰੰਪਰਾ ਤੋਂ ਭਾਵ :- ਸਾਮੀ ਨੂੰ ਸਮੈਟਿਕ ਵੀ ਕਿਹਾ ਜਾਂਦਾ ਹੈ। "ਸਾਮੀ" ਸ਼ਬਦ ਸਾਮ ਦੇਸ਼ ਤੋਂ ਨਿਕਲਿਆ ਲੱਗਦਾ ਹੈ ਜਿਸ ਦਾ ਭਾਵ ਉਹ ਪਰੰਪਰਾ ਹੈ ਜੋ ਅਰਬ ਦੇਸ਼ਾਂ ਦੇ ਸਭਿਆਚਾਰ ਅਨੁਸਾਰ ਉਜਾਗਰ ਹੋਈ ਹੈ। ਭਾਰਤੀ ਪਰੰਪਰਾ ਆਰੀਆ ਸਮਾਜ ਉੱਪਰ ਆਧਾਰਿਤ ਹੈ। ਸਾਮੀ ਪਰੰਪਰਾ ਵਿਚ ਯਹੂਦੀ ਧਰਮ, ਈਸਾਈ ਧਰਮ, ਇਸਲਾਮ ਤੇ ਜ਼ਰਤੁਸ਼ਤੀ ਧਰਮਾਂ ਦਾ ਪਰੰਪਰਾਗਤ ਵਿਸ਼ਵਾਸ ਪੇਸ਼ ਕਰਦਾ ਹੈ। ਭਾਰਤ ਵਿਚ ਸਾਮੀ ਪਰੰਪਰਾ ਇਸਲਾਮ ਰਾਹੀਂ ਦਾਖ਼ਲ ਹੋਈ ਹੈ। ਹਿੰਦੂ ਤੇ ਸਾਮੀ ਪਰੰਪਰਾਵਾਂ ਦੋਵੇਂ ਦੀਆਂ ਮਾਨਤਾਵਾਂ ਅਸਲੋਂ ਵੱਖਰੀਆਂ ਹਨ। ਜਿਵੇਂ ਹਿੰਦੂ ਆਦਿ ਭਾਰਤੀ, ਮੁਕਤੀ ਨੂੰ ਅਪਣਾਉਂਦੇ ਹਨ, ਪਰ ਸਾਮੀ ਠੁਕਰਾਉਂਦੇ ਹਨ। ਹਿੰਦੂ ਪਰੰਪਰਾ ਵਿਚ ਪੁਨਰ ਜਨਮ ਦਾ ਖ਼ਿਆਲ ਹੈ, ਪਰ ਸਾਮੀ ਪਰੰਪਰਾ ਵਿਚ ਪੁਨਰ-ਜਨਮ ਦਾ ਕੋਈ ਖ਼ਿਆਲ ਨਹੀਂ ਹੈ। ਗੁਰਬਾਣੀ ਦੇ ਸਿਰਜਣਹਾਰਾਂ ਨੇ ਹਰ ਪਰੰਪਰਾ ਤੋਂ ਕੁਝ ਨਾ ਕੁਝ ਚੰਗੇ ਗੁਣ ਗ੍ਰਹਿਣ ਕਰਕੇ ਉਸ ਨੂੰ ਆਪਣੇ ਵਿਚਾਰਾਂ ਰਾਹੀਂ ਪਰਿਭਾਸ਼ਿਤ ਕੀਤਾ ਹੈ। ਇਸ ਉੱਤੇ ਸਾਮੀ ਪਰੰਪਰਾ ਦਾ ਵੀ ਬਹੁਤ ਡੂੰਘਾ ਪ੍ਰਭਾਵ ਪਿਆ ਹੈ। ਇਸ ਬਾਰੇ ਵਿਸਥਾਰ ਨਾਲ ਚਰਚਾ ਕਰਨ ਤੋਂ ਪਹਿਲਾਂ ਜ਼ਰੂਰੀ ਹੈ ਕਿ ਇਹ ਜਾਣੀਏ ਕਿ ਸਾਮੀ ਪਰੰਪਰਾ ਕੀ ਹੈ? ਇਸ ਅੰਤਰਗਤ ਵਿਚੋਂ ਪੰਜਾਬ ਯੂਨੀਵਰਸਿਟੀ ਪੰਜਾਬੀ ਸਾਹਿਤ ਕੋਸ਼ ਵਿਚ ਲਿਖਿਆ ਹੈ ਕਿ ਬਾਈਬਲ ਦੀ ਉਤਪਤੀ ਕਥਾ ਅਨੁਸਾਰ ਪ੍ਰਸਿੱਧ ਨੂਹ ਦੇ ਵੱਡੇ ਪੁੱਤਰ ਸੇਮ ਸਨ, ਜਿਨ੍ਹਾਂ ਨੂੰ ਪੀੜ੍ਹੀ-ਦਰ-ਪੀੜ੍ਹੀ ਵੰਸ਼ਜਾਂ ਦੇ ਨਿਵਾਸੀਆਂ ਦਾ ਆਦਿ ਪੁਰਖ ਮੰਨਿਆ ਜਾਂਦਾ ਹੈ। ਇਸ ਪਰਿਵਾਰ ਦੇ ਲੋਕ ਉੱਪਰ ਵੀ ਉਸ ਉੱਪਰ ਵੀ ਉਸ ਖੇਤਰ ਵਿਚ ਵੱਸੀਆਂ ਜਾਤੀਆਂ ਕੌਮਾਂ ਸਾਮੀ ਪਰਿਵਾਰ ਦੇ ਨਾਲ ਪ੍ਰਸਿੱਧ ਹਨ। ਇਸ ਪਰੰਪਰਾ ਦੀ ਅਰਬੀ ਭਾਸ਼ਾ ਦੇ ਉੱਤੇ ਅਰਬੀਆਂ ਉੱਪਰ ਆਪਣਾ ਰਾਜ ਸਥਾਪਿਤ ਕੀਤਾ ਹੋਇਆ ਹੈ। ਅਰਬ ਦੇਸ਼ ਦੇ ਪੁਰਾਣੀ ਭਾਸ਼ਾ ਦੇ ਕੁਝ ਲੇਖ ਈਸਵੀ ਪੂਰਵ ਅੱਠਵੀਂ ਸਦੀ ਦੇ ਮਿਲਦੇ ਹਨ। ਮੱਧਵਰਤੀ ਅਰਬੀ ਭਾਸ਼ਾ ਦਾ ਲੇਖ, ਤੇਰ੍ਹਵੀਂ ਆਦਿ ਈਸਵੀ ਚੌਥੀ ਸਦੀ ਦੇ ਪਹਿਲੇ ਨਹੀਂ ਆਏ। ਕੁਰਾਨ ਸ਼ਰੀਫ਼ ਵੀ ਇਸ ਮੱਧਵਰਤੀ ਅਰਬੀ ਭਾਸ਼ਾ ਦਾ ਲੇਖ, ਜੋ ਅਰਬੀ ਭਾਸ਼ਾ ਵਿਚ ਹੈ। ਇਸਲਾਮੀ ਰਾਜ ਦੇ ਸੰਸਾਰ ਵਿਚ ਫੈਲਣ ਨਾਲ ਅਰਬੀ ਦਾ ਪਸਾਰਾ ਵੀ ਵੱਧ ਗਿਆ। ਫ਼ਾਰਸੀ, ਤੁਰਕੀ ਅਤੇ ਅਰਬੀ ਭਾਸ਼ਾ ਉੱਪਰ ਇਸ ਦਾ ਕਾਫ਼ੀ ਅਸਰ ਕਰ ਦਿੱਤਾ।" ਗੁਰਬਾਣੀ ਉੱਤੇ ਸਾਮੀ ਪਰੰਪਰਾ ਦਾ ਵੀ ਪ੍ਰਭਾਵ ਪਿਆ ਤੇ ਇਸ ਵਿਚ ਕੁਝ ਸੰਕੇਤ, ਚਿੰਨ੍ਹ, ਬਿੰਬ ਤੇ ਪ੍ਰਤੀਕ ਸ਼ਾਮਿਲ ਹੋਏ, ਜਿਵੇਂ ਕੁਰਾਨ ਸ਼ਰੀਫ਼, ਅਰਬੀ ਤੇ ਫ਼ਾਰਸੀ ਭਾਸ਼ਾ ਵਿਚੋਂ ਆਏ ਸ਼ਬਦ ਜਿਵੇਂ —

Scanned with CamScanner

ਨਸੀਹਤ, ਮਸ਼ਹੂਰ, ਸ਼ਾਇਰ, ਫ਼ਜ਼ਲ, ਦੀਵਾਨਾ, ਗੁਲਿਸਤਾਨ, ਮਕਸੂਦ, ਕੀਮ...
ਫ਼ਕੀਰ, ਦਰਵੇਸ਼, ਨਮਾਜ਼, ਮਰਜ਼, ਪਰਵਦਗਾਰ, ਬਾਗ਼, ਕੁਦਰਤ, ਜਮਾਲ ਆਦਿ

(ਸਾਮੀ ਸ਼ਬਦਾਵਲੀ ਦੇ ਮੁਹਾਵਰੇ) :- ਪ੍ਰੋ: ਪ੍ਰਕਾਸ਼ ਸਿੰਘ ਅਨੁਸਾਰ, ਜੇ ਗੁਰਮਤਿ-ਬਾਣੀ ਵਿਚ ਵਰਤੀਆਂ ਗਈਆਂ ਬੋਲੀਆਂ ਦਾ ਅਧਿਐਨ ਕੀਤਿਆਂ ਸਾਫ਼ ਦਿਸ ਪੈਂਦਾ ਹੈ ਕਿ ਭਾਰਤੀ ਭਾਸ਼ਾਵਾਂ ਤੋਂ ਇਲਾਵਾ ਸਾਮੀ ਭਾਸ਼ਾ ਦੀਆਂ ਪ੍ਰਧਾਨਾਂ ਵਿਚ ਜਿਵੇਂ ਅਰਬੀ ਫ਼ਾਰਸੀ ਦੇ ਸ਼ਬਦਾਂ ਦੀ ਪ੍ਰਤੀਨਿਧਤਾ ਪ੍ਰਾਪਤ ਹੈ। ਭਾਰਤੀ ਪਰੰਪਰਾ ਵਿਚੋਂ ਜਿਵੇਂ ਗੁਰੂ ਸਾਹਿਬ ਨੇ ਵੈਦਿਕ, ਹਿੰਦੀ, ਮਰਾਠੀ, ਸੰਸਕ੍ਰਿਤ, ਤੇ ਪ੍ਰਾਕ੍ਰਿਤ ਭਾਸ਼ਾਵਾਂ ਵਿਚੋਂ ਸ਼ਬਦਾਵਲੀ ਲਈ ਹੈ, ਉੱਥੇ ਸਾਮੀ ਪਰੰਪਰਾ ਵਿਚੋਂ ਅਰਬੀ, ਫ਼ਾਰਸੀ ਦੀ ਸ਼ਬਦਾਵਲੀ ਆਈ ਹੈ। ਇਸ ਸ਼ਬਦਾਵਲੀ ਤੇ ਮੁਹਾਵਰਿਆਂ ਦੀ ਝਲਕ ਹੇਠਾਂ ਦਿੱਤੀਆਂ ਤੁਕਾਂ ਵਿਚੋਂ ਸਪਸ਼ਟ ਹੈ :-

ਅਲਹ ਪਾਕੰ ਪਾਕ ਹੈ ਸਕ ਕਰਉ ਜੇ ਦੂਸਰ ਹੋਇ।
ਆਲਹ ਕਾਹੇ ਸੋ ਭਲ।
ਹਿੰਦੂ ਤੁਰਕ ਕਾ ਸਾਹਿਬ ਏਕ।
ਹੁਕਮ ਚਲਾਏ ਆਪਣੇ ਕਰਮੀ ਵਹੈ ਕਲਾਮ।
ਜਮੀ ਚੱਲਾ ਹੁਕਮ ਕਮਾਹਿ।
ਕੂੜ ਬੋਲਿ ਮੁਰਦਾਰ ਖਾਇ।
ਅਕਲਿ ਇਮਾਰਤਿ ਤੇ ਕਰਾਮਾਤਿ।
ਜਿਨੀ ਪਛਾਤਾ ਖਸਮੁ ਸੇ ਦਰਗਾਹ ਮਨੁ।
ਜੋ ਹੁਕਮ ਨ ਬੂਝੈ ਖਸਮੁ ਕਾ ਸੋਈ ਨਰੁ ਕਚਾ।

ਸਿੱਟਾ :- ਉਪਰੋਕਤ ਚਰਚਾ ਦਾ ਨਿਚੋੜ ਇਹ ਹੈ ਕਿ ਗੁਰਬਾਣੀ ਉੱਤੇ ਭਾਰਤੀ ਪਰੰਪਰਾ ਅਤੇ ਸਾਮੀ ਪਰੰਪਰਾ ਦਾ ਚੋਖਾ ਅਤੇ ਅਮਿੱਟ ਪ੍ਰਭਾਵ ਪਿਆ ਹੈ। ਜਿੱਥੇ ਗੁਰਬਾਣੀ ਵਿਚ ਨਾਮ ਸਿਮਰਨ, ਸੱਚ, ਸੇਵਾ, ਤਿਆਗ, ਮਾਨਵਵਾਦ ਅਤੇ ਹੋਰ ਸ਼ੁੱਭ ਗੁਣਾਂ ਤੇ ਜ਼ੋਰ ਦਿੱਤਾ ਗਿਆ ਹੈ, ਉੱਥੇ ਸਾਮੀ ਪਰੰਪਰਾ ਅਨੁਸਾਰ ਰੂਹ ਦੀ ਹੋਂਦ, ਜੀਵ ਅਤੇ ਜਗਤ ਦੀ ਅਸਥਿਰਤਾ, ਨਾਰੀ ਦਾ ਉੱਚਾ ਆਦਰ ਮਾਣ, ਇਕ ਅੱਲ੍ਹਾ ਦੀ ਓਟ ਵੀ ਦਰਸਾਈ ਗਈ ਹੈ। ਜੇ ਇੰਜ ਕਿਹਾ ਜਾਏ ਕਿ ਗੁਰਬਾਣੀ ਭਾਰਤੀ ਪਰੰਪਰਾ ਅਤੇ ਸਾਮੀ ਪਰੰਪਰਾ ਦਾ ਮਿਸ਼ਰਣ ਹੈ ਤਾਂ ਇਸ ਵਿਚ ਕੋਈ ਅਤਿਕਥਨੀ ਵਾਲੀ ਗੱਲ ਨਹੀਂ ਹੋਵੇਗੀ।

Scanned with CamScanner

## ਆਰੀ ਭਾਸ਼ਾ ਸੰਸਕ੍ਰਿਤੀ



ਗ੍ਰੀਅਰਸਨ ਦੀ ਪੁਸਤਕ 'ਲਿੰਗੁਇਸਟਿਕ ਸਰਵੇ ਆਫ਼ ਇੰਡੀਆ' ਅਨੁਸਾਰ 1891 ਜਨ-ਗਿਣਤੀ ਦੇ ਆਧਾਰ ਉੱਤੇ ਉਸ ਸਮੇਂ ਭਾਰਤ ਵਿਚ ਬੋਲੀਆਂ ਜਾਂਦੀਆਂ ਭਾਸ਼ਾਵਾਂ ਅਤੇ ਉਪ-ਭਾਸ਼ਾਵਾਂ ਦੀ ਸੰਖਿਆ 854 ਦੱਸੀ ਗਈ ਹੈ। ਇਨ੍ਹਾਂ ਵਿਚੋਂ ਬਹੁਤੀਆਂ ਬੋਲੀਆਂ ਅਤੇ ਉਪ-ਬੋਲੀਆਂ ਭਾਰਤੀ-ਆਰਿਆਈ ਭਾਸ਼ਾ ਪਰਿਵਾਰ ਨਾਲ ਸੰਬੰਧ ਰੱਖਦੀਆਂ ਹਨ। ਪੰਜਾਬੀ ਉਹਨਾਂ ਵਿਚੋਂ ਇਕ ਹੈ।

<u>ਪ੍ਰਾਚੀਨ ਆਰੀਆ ਭਾਸ਼ਾਵਾਂ</u> :- ਪ੍ਰਾਚੀਨ ਆਰੀਆ ਭਾਸ਼ਾਵਾਂ ਵਿਚ ਸ਼ਾਮਿਲ ਹਨ- ਵੈਦਿਕ ਸੰਸਕ੍ਰਿਤੀ, ਕਲਾਸੀਕਲ ਸੰਸਕ੍ਰਿਤ, ਪ੍ਰਾਕ੍ਰਿਤ ਭਾਸ਼ਾਵਾਂ ਆਦਿ। ਪੰਜਾਬੀ ਦਾ ਕਿਸੇ ਨਾ ਕਿਸੇ ਤਰ੍ਹਾਂ ਨਾਲ ਇਹਨਾਂ ਸਾਰੀਆਂ ਭਾਸ਼ਾਵਾਂ ਨਾਲ ਸੰਬੰਧ ਰਿਹਾ ਹੈ। ਵੈਦਿਕ ਸੰਸਕ੍ਰਿਤ ਅਤੇ ਪੰਜਾਬੀ ਦੀ ਧੁਨੀ ਵਿਉਂਤ, ਸ਼ਬਦ ਰਚਨਾ, ਵਿਭਕਤੀ ਪ੍ਰਣਾਲੀ, ਕਾਰਕ, ਵਚਨ, ਲਿੰਗ, ਵਿਆਕਰਨ ਦੀ ਗੂੜ੍ਹੀ ਸਮਾਨਤਾ ਹੈ। ਪੰਜਾਬੀ ਸ਼ਬਦਾਵਲੀ ਪਿਤਾ, ਪਾਣੀ, ਭੈਣੀ, ਪਰੋਹਣਾ, ਧੀ, ਆਦਿ ਵੈਦਿਕ ਸੰਸਕ੍ਰਿਤ ਨਾਲ ਸਮਾਨਤਾ ਰੱਖਦੇ ਹਨ।

<u>ਪਾਲੀ ਅਪਭ੍ਰੰਸ਼</u> :- ਅਪਭ੍ਰੰਸ਼ਾਂ ਵਿਚ ਪਾਲੀ ਅਪਭ੍ਰੰਸ਼ ਦਾ ਕਾਫ਼ੀ ਲਿਖਤੀ ਸਾਹਿਤ ਮਿਲਦਾ ਹੈ। ਪਾਲੀ ਪ੍ਰਾਕ੍ਰਿਤ ਦੇ ਵਿਕਾਸ ਰਾਹੀਂ ਹੀ ਪੰਜਾਬੀ ਭਾਸ਼ਾ ਦਾ ਪਰ-ਫੈਲਾਅ ਹੋਇਆ ਹੈ। ਪਾਲੀ ਨਾਲ ਵੀ ਪੰਜਾਬੀ ਦੀ ਕਾਫ਼ੀ ਸਮਾਨਤਾ ਹੈ। ਇਹ ਸਮਾਨਤਾ ਸ਼ਬਦਾਵਲੀ, ਧੁਨੀਆਂ, ਧੁਨੀ ਸੰਜੋਗ ਤੇ ਧੁਨੀ ਲੋਪ ਆਦਿ ਵਿਚ ਦੇਖਣ ਨੂੰ ਮਿਲਦੀ ਹੈ। ਜਿਵੇਂ -

| | ਪਾਲੀ | ਪੰਜਾਬੀ |
|---|---|---|
| ਸ਼ਬਦਾਵਲੀ | ਪੁੱਛ | ਪੁੱਛ |
| | ਰੁਖ (ਰੁਕਖ) | ਰੁੱਖ |
| | ਖੇਤਰ | ਖੇਤ |

<u>ਭਾਰਤੀ</u> <u>ਆਰਿਆਈ</u> <u>ਭਾਸ਼ਾ</u> <u>ਪਰਿਵਾਰ</u>

ਇਸ ਭਾਸ਼ਾ-ਪਰਿਵਾਰ ਨੂੰ ਸਮਝਣ ਲਈ ਇਸ ਦੇ ਇਤਿਹਾਸ ਅਤੇ ਵਰਗੀਕਰਣ ਨੂੰ ਸਮਝਣਾ ਜ਼ਰੂਰੀ ਹੈ।

<u>ਇਤਿਹਾਸ</u> :- ਇਸ ਭਾਸ਼ਾ ਪਰਿਵਾਰ ਨੂੰ ਤਿੰਨ ਕਾਲਾਂ ਵਿਚ ਵੰਡਿਆ ਜਾਂਦਾ ਹੈ - ਪ੍ਰਾਚੀਨ ਕਾਲ (ਪੂਰਵ ਇਤਿਹਾਸਕ ਸਮੇਂ ਤੋਂ 500 ਈ. ਪੂ. ਤੱਕ), ਮੱਧ ਕਾਲ (500 ਈ. ਪੂ. ਤੋਂ 1000 ਈ. ਤੱਕ) ਅਤੇ ਵਰਤਮਾਨ ਕਾਲ (1000 ਈ. ਤੋਂ ਹੁਣ ਤੱਕ) ਅੱਗੇ ਅਸੀਂ ਇਕੱਲੇ-ਇਕੱਲੇ ਕਾਲ ਸੰਬੰਧੀ ਵਿਚਾਰ ਕਰ ਰਹੇ ਹਾਂ -

<u>ਭਾਰਤੀ</u> - <u>ਈਰਾਨੀ</u> <u>ਸ਼ਾਖਾ</u> (<u>Indo</u>- <u>Iranian</u> <u>Branch</u>) :- ਭਾਰੋਪੀ ਭਾਸ਼ਾ-ਪਰਿਵਾਰ ਦੀ ਭਾਰਤ ਈਰਾਨੀ ਸ਼ਾਖਾ ਨੂੰ 'ਆਰਯ' ਉਪ-ਕੁੱਲ ਵੀ ਆਖਿਆ ਜਾਂਦਾ ਹੈ। ਈਰਾਨੀ ਉਪ-ਸ਼ਾਖਾ ਵਿਚ ਆਉਂਦਾ ਪੁਰਾਣੀ ਈਰਾਨੀ, ਗਾਥਾ,

Scanned with CamScanner

ਜ਼ੰਦ-ਅਵੇਸਤਾ, ਪਹਿਲਵੀ, ਆਧੁਨਿਕ ਫ਼ਾਰਸੀ ਆਦਿ ਸ਼ਾਮਿਲ ਹਨ। ਈਰਾਨੀ ਭਾਸ਼ਾ ਦੇ ਇਤਿਹਾਸ ਨੂੰ ਤਿੰਨ ਪੜਾਵਾਂ ਵਿਚ ਵੰਡਿਆ ਜਾ ਸਕਦਾ ਹੈ -(ੳ) ਪ੍ਰਾਚੀਨ ਈਰਾਨੀ, (ਅ) ਮੱਧ-ਕਾਲੀਨ ਈਰਾਨੀ, (ੲ) ਨਵੀਨ ਈਰਾਨੀ।

(ੳ) ਪ੍ਰਾਚੀਨ ਈਰਾਨੀ :- ਪ੍ਰਾਚੀਨ ਈਰਾਨੀ ਵਿਚ ਦੋ ਭਾਸ਼ਾਵਾਂ ਅਵੇਸਤਾ ਤੇ ਪੁਰਾਣੀ ਫ਼ਾਰਸੀ ਸ਼ਾਮਿਲ ਹਨ। ਅਵੇਸਤਾ ਵਿਚ ਜ਼ੋਰੋਸਟਰ ਧਰਮ ਪੁਸਤਕ ਲਿਖੀ ਮਿਲਦੀ ਹੈ। ਉਂਞ ਪ੍ਰਾਚੀਨ ਈਰਾਨੀ ਭਾਸ਼ਾ ਤੇ ਸਾਹਿਤ ਦਾ ਬਹੁਤ ਸਾਰਾ ਹਿੱਸਾ ਸਿਕੰਦਰ ਦੇ ਹਮਲੇ ਸਮੇਂ ਪਰਸੇ-ਪੋਲਿਸ ਦੇ ਸ਼ਾਹੀ ਮਹਿਲ ਵਿਚ ਫੂਕ ਦਿੱਤਾ ਗਿਆ ਸੀ।

ਪ੍ਰਾਚੀਨ ਫ਼ਾਰਸੀ ਵਿਚ ਸ਼ਾਹਾਂ ਸ਼ੀਲਿਆਂ ਦੇ ਅਭਿਲੇਖ ਮਿਲਦੇ ਹਨ। ਇਸ ਦੇ ਕੁਝ ਸ਼ਬਦ ਸੰਸਕ੍ਰਿਤ ਦੇ ਨੇੜੇ ਹਨ।

(ਅ) ਮੱਧ-ਕਾਲੀਨ ਈਰਾਨੀ :- ਇਸ ਦੀ ਪ੍ਰਮੁੱਖ ਬੋਲੀ ਪਹਿਲਵੀ ਹੈ। ਇਹ ਬੋਲੀ ਸਾਸਾਨੀ ਬਾਦਸ਼ਾਹ ਸਮੇਂ ਤਰੱਕੀ ਦੇ ਸਿਖਰਾਂ ਤੇ ਸੀ। ਪਹਿਲਵੀ ਉੱਤੇ ਆਰਮਈ ਸਾਮੀ ਭਾਸ਼ਾਵਾਂ ਦਾ ਕਾਫ਼ੀ ਪ੍ਰਭਾਵ ਹੈ। ਮੱਧ-ਕਾਲੀਨ ਈਰਾਨੀ ਦੀਆਂ ਅੱਗੋਂ ਦੋ ਬੋਲੀਆਂ ਹਨ - Sogdian and Khotanese.

(ੲ) ਨਵੀਨ ਆਧੁਨਿਕ ਈਰਾਨੀ :- ਨਵੀਨ ਈਰਾਨੀ ਨੂੰ ਫ਼ਾਰਸੀ ਵੀ ਕਿਹਾ ਜਾਂਦਾ ਹੈ ਅਤੇ ਇਹ ਈਰਾਨ ਦੇਸ਼ ਦੀ ਬੋਲੀ ਕਹਾਉਂਦੀ ਹੈ। ਇਸ ਦਾ ਵਿਕਾਸ ਨੌਵੀਂ ਸਦੀ ਤੋਂ ਆਰੰਭ ਹੁੰਦਾ ਹੈ। ਇਸ ਭਾਸ਼ਾ ਦੀ ਪ੍ਰਸਿੱਧ ਰਚਨਾ 'ਫਿਰਦੌਸੀ' ਕਵੀ ਦਾ ਲਿਖਿਆ ਸ਼ਾਹਨਾਮਾ ਹੈ। ਇਸ ਬੋਲੀ ਵਿਚ ਬਲੋਚੀ, ਪਸ਼ਤੋ, ਅਫ਼ਗਾਨੀ, ਤਾਜਿਕੀ, ਪਾਮੀਰੀ, ਤੁਰਕਿਸਤਾਨੀ, ਕੁਰਦੀ ਆਦਿ ਸ਼ਾਮਿਲ ਹਨ।

ਸਿਧਾਂਤ :- ਆਰੀਆਈ ਭਾਸ਼ਾਵਾਂ ਕਿਸੇ ਖ਼ਾਸ ਅਸੂਲ ਦੇ ਅਨੁਕੂਲ ਹੋਈਆਂ ਬਣੀਆਂ ਹਨ। ਇਸ ਵਿਸ਼ੇ ਤੇ ਬਹੁਤ ਸਾਰੀਆਂ ਪੁਸਤਕਾਂ ਲਿਖੀਆਂ ਜਾ ਚੁੱਕੀਆਂ ਹਨ ਅਤੇ ਅਸੂਲਾਂ ਨੂੰ ਬਹੁਤ ਵਿਸਥਾਰ ਵਿਚ ਲਿਖਿਆ ਗਿਆ ਹੈ। ਇਕ ਪ੍ਰਸਿੱਧ ਲੇਖਕ ਨੇ ਇਸ ਪ੍ਰਕਾਰ ਲਿਖਿਆ ਹੈ :-

ਪਹਿਲਾ ਸਿਧਾਂਤ :- ਆਰੀਆਈ ਭਾਸ਼ਾਵਾਂ ਦਾ ਇਕ ਖ਼ਾਸ ਅਸੂਲ ਇਹ ਹੈ ਕਿ ਦੋ ਜਾਂ ਦੋ ਤੋਂ ਵੱਧ ਸ਼ਬਦ ਜੋੜ-ਜੋੜ ਕੇ ਇੱਕ ਕੀਤੇ ਜਾਂਦੇ ਹਨ ਅਤੇ ਉਨ੍ਹਾਂ ਵਿਚ ਕੋਈ ਵਿਸ਼ੇਸ਼ਤਾ ਜਾਂ ਸੰਬੰਧ ਵਿਆਕਰਣ ਦੇ ਨਿਯਮ ਨਾਲ ਨਹੀਂ ਹੁੰਦਾ। ਇਸ ਤਰ੍ਹਾਂ ਬਣੇ ਸ਼ਬਦਾਂ ਨੂੰ ਸਮਾਸਟਾ - ਜੋੜੀਸਮਾਸ ਸ਼ਬਦ (Juxta Positional Compound) ਕਹਿੰਦੇ ਹਨ ਜਿਵੇਂ :- ਪੋਸਟ-ਮੈਨ (Post-Man), ਲੈਂਪ-ਆਇਲ (Lamp-oil), ਉਰਦੂ ਵਿਚ ਕਦੂਨ ਖੋਤ, ਜਨਮ-ਪੱਤਰੀ, ਲੋਕ ਪਰੀ ਆਦਿ ਸ਼ਬਦ ਇਸੇ ਤਰ੍ਹਾਂ ਬਣੇ ਹਨ।

Scanned with CamScanner

ਦੂਜਾ ਸਿਧਾਂਤ :- ਦੂਜਾ ਸਿਧਾਂਤ ਇਹ ਹੈ ਕਿ, "ਸ਼ਬਦ ਤਾਂ ਮੇਲ-ਜੋਲ ਜੋੜ ਜਿਹੜੇ ਪਦ ਰੂਪਾਂ ਦੇ ਵਾਕਵਿਨਿਆਸ, ਵਿਆਕਰਣ ਦੇ ਨਿਯਮ ਨਾਲ ਕੋਈ ਭਿੰਨਤਾ ਨਾ ਰੱਖਦੇ ਹੋਣ। ਇਸ ਤਰ੍ਹਾਂ ਦੇ ਸ਼ਬਦਾਂ ਨੂੰ ਅੰਗਰੇਜ਼ੀ ਭਾਸ਼ਾ ਵਿਚ ਸਿੰਟੈਕਟੀਕਲ ਕੰਪਾਊਂਡ (Syntactical Compound) ਕਹਿੰਦੇ ਹਨ।" ਜਿਵੇਂ :- ਪਾਸਟਾਈਮ (Pass-time), ਹਮਿੰਗ ਬਰਡ (Humming-Bird), ਸਪਿੰਨਿੰਗ (Spinning Top) ਆਦਿ। ਉਰਦੂ ਵਿਚ ਇਸ ਦੀਆਂ ਉਦਾਹਰਣਾਂ ਚਲਤਾ ਮੰਤਰ, ਦਿਮਾਗ਼ ਦਾ ਪਕੜ, ਪੱਕਾ ਕੇਵੜਾ ਆਦਿ ਹਨ।

ਤੀਜਾ ਸਿਧਾਂਤ :- ਤੀਜਾ ਸਿਧਾਂਤ ਆਮ ਤੌਰ ਤੇ ਆਰੀਆਈ ਜ਼ੁਬਾਨਾਂ ਵਿਚ ਜਾਂਦੇ ਰੂਪ ਵਿਚ ਅਤੇ ਇਕਸਾਰਤਾ ਨਾਲ ਪਾਇਆ ਜਾਂਦਾ ਹੈ, ਇਹ ਹੈ ਕਿ ਸ਼ਬਦ ਦੇ ਸ਼ੁਰੂ ਜਾਂ ਆਖ਼ੀਰ ਵਿਚ ਇਕ ਖ਼ਾਸ ਸ਼ਬਦ ਜਿਹਾ ਵਧਾ ਦਿੱਤਾ ਜਾਂਦਾ ਹੈ ਅਤੇ ਇਸ ਤਰ੍ਹਾਂ ਇਕ ਨਵਾਂ ਸ਼ਬਦ ਬਣ ਜਾਂਦਾ ਹੈ। ਜਿਹੜਾ ਖ਼ਾਸ ਸ਼ਬਦ ਦੇ ਸ਼ੁਰੂ ਵਿਚ ਵਧਾਇਆ ਜਾਂਦਾ ਹੈ ਉਸ ਨੂੰ ਪ੍ਰੀਫਿਕਸ (Prefix) ਕਿਹਾ ਜਾਂਦਾ ਹੈ ਅਤੇ ਜਿਹੜਾ ਖ਼ਾਸ ਸ਼ਬਦ ਦੇ ਆਖ਼ੀਰ ਵਿਚ ਵਧਾਇਆ ਜਾਂਦਾ ਹੈ ਉਸ ਨੂੰ ਸਫਿਕਸ (Suffix) ਕਹਿੰਦੇ ਹਨ। ਇਹਦੇ ਉਦਾਹਰਣ ਦਿੱਤੀਆਂ ਜਾ ਰਹੀਆਂ ਹਨ, ਜਿਵੇਂ :- (Ambidexter, Amphitheatre, Anti-Democrat, Demi-God)। ਸਫਿਕਸਾਂ ਦੇ ਪੱਖ ਤੋਂ Er ਆਖ਼ੀਰ ਵਿਚ ਲਗਾ ਕੇ Singer ਬਣਾ ਲਿਆ ਜਾਂਦਾ ਹੈ। En ਆਖ਼ੀਰ ਵਿਚ ਲਾ ਕੇ Golden ਬਣਾ ਲਿਆ ਜਾਂਦਾ ਹੈ।

ਚੌਥਾ ਸਿਧਾਂਤ :- ਚੌਥਾ ਸਿਧਾਂਤ ਇਹ ਹੈ ਕਿ ਮੇਲ ਅਨੁਸਾਰ ਹਰ ਸ਼ਬਦ ਤੋਂ ਕਿਰਿਆ ਬਣਾ ਲਈ ਜਾਂਦੀ ਹੈ। ਅੰਗਰੇਜ਼ੀ ਵਿਚ Origin ਤੋਂ (Originate) ਬਣਾ ਲਿਆ ਜਾਂਦਾ ਹੈ, Simple ਤੋਂ Simplify, magnet ਤੋਂ magnetize ਆਦਿ। ਉਰਦੂ ਵਿਚ ਇਸ ਦੀਆਂ ਉਦਾਹਰਣਾਂ ਜਗਮਗਾਨਾ, ਥਰਥਰਾਨਾ, ਝਿਲਮਿਲਾਨਾ, ਫੁਲਫੁਲਾਨਾ, ਸਿਲਸਿਲਾਨਾ।

Scanned with CamScanner